# 'RAJASTAHN DI YATRA' SAFARNAMA: LOKDHARAYI ADHIYAIN

# 'ਰਾਜਸਥਾਨ ਦੀ ਯਾਤਰਾ' ਸਫ਼ਰਨਾਮਾ: ਲੋਕਧਰਾਈ ਅਧਿਐਨ

**ਗੁਰਵਿੰਦਰ ਸਿੰਘ** (Gurvinder Singh)

**ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ**

**ਗੋਸਵਾਮੀ ਗਣੇਸ਼ ਦੱਤਾ ਸਨਾਤਮ ਧਰਮ ਕਾਲਜ, ਸੈਕਟਰ 32-ਸੀ, ਚੰਡੀਗੜ੍ਹ**

E-Mail ID: raiharman18@gmail.com **ਮੋਬਾਈਲ:** +91-99882-29554

**ਸਾਰ (Abstract)**

*'ਰਾਜਸਥਾਨ ਦੀ ਯਾਤਰਾ' ਸਫ਼ਰਨਾਮਾ ਡਾ. ਗੁਰਚਰਨ ਸਿੰਘ ਮਹਿਤਾ ਦੁਆਰਾ ਰਚਿਤ ਇੱਕ ਬਹੁਪਰਤੀ ਰਚਨਾ ਹੈ। ਇਸ ਸਫ਼ਰਨਾਮੇ ਵਿੱਚ ਡਾ. ਮਹਿਤਾ ਨੇ ਯਾਤਰਾ ਦੇ ਦੌਰਾਨ ਪ੍ਰਾਪਤ ਆਪਣੇ ਅਨੁਭਵ ਦੀ ਪੇਸ਼ਕਾਰੀ ਬਹੁ-ਪਰਤਾਂ ਰਾਹੀਂ ਕੀਤੀ ਹੈ, ਜੋ ਲੋਕ ਧਾਰਾ ਦੇ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹੈ। ਰਾਜਸਥਾਨ ਦੀ ਲੋਕਧਾਰਾ ਬਹੁਤ ਹੀ ਪ੍ਰਸਿੱਧ ਤੇ ਵਿਭਿੰਨ ਹੈ। ਇਸ ਵਿੱਚ ਲੋਕ ਕਿੱਤੇ, ਲੋਕ ਗੀਤ, ਲੋਕ ਨਾਚ, ਲੋਕ ਕਹਾਣੀਆਂ, ਰੀਤੀ ਰਿਵਾਜ, ਵੇਸ਼ ਭੂਸ਼ਾ, ਕਿਰਤੀ ਵਰਗ ਅਤੇ ਹੋਰ ਬਹੁਤ ਕੁਝ ਸ਼ਾਮਿਲ ਹੈ। ਰਾਜਸਥਾਨ ਦੇ ਲੋਕ ਗੀਤ ਜਿਵੇਂ ਕਿ ਘੁਮਰ ਕਾਲ ਬੇਲੀਆਂ ਅਤੇ ਮਾਂਡ ਗੀਤ ਇਸ ਦੀ ਸੰਸਕ੍ਰਿਤੀ ਦਾ ਮਹੱਤਵਪੂਰਨ ਹਿੱਸਾ ਹਨ। ਜੈਪੁਰ ਦੀ ਇਤਿਹਾਸਿਕ ਪਰੰਪਰਾ ਸ਼ਿਲਪ ਕਲਾ ਦੇ ਅਦਭੁਤ ਵਰਤਾਰੇ ਇਥੋਂ ਦੀ ਅਭੂਤ ਪੂਰਬ ਇਮਾਰਤਸਾਜੀ ਵਿਸ਼ੇਸ਼ ਤਰ੍ਹਾਂ ਦੇ ਮਜਬੂਤ ਕਿਲੇ ਅਤੇ ਸ਼ਾਨਦਾਰ ਮਹਿਲ ਜਿਨਾਂ ਨਾਲ ਰਾਜਪੂਤ ਘਰਾਣਿਆਂ ਦੀਆਂ ਲੋਕ ਕਥਾਵਾਂ ਦੇ ਜੋਹਰ ਜੁੜੇ ਹੋਏ ਹਨ। ਲੋਕਧਾਰਾ ਸਾਹਿਤ ਵਿੱਚ ਲੋਕ ਹੁਨਰ ਲੋਕ ਕਲਾਵਾਂ ਦਾ ਮੁੱਖ ਤੌਰ 'ਤੇ ਵਿਸ਼ਲੇਸ਼ਣ ਮਿਲਦਾ ਹੈ। ਲੋਕ ਕਲਾ ਹੁਨਰ ਦੇ ਰਾਹੀਂ ਉਪਜੀਵਿਕਾ ਕਮਾਉਣ ਦਾ ਆਧਾਰ ਬਣਦੀ ਹੈ। ਇਸ ਖੋਜ ਪੇਪਰ ਵਿੱਚ ਜੈਪੁਰ, ਅਜਮੇਰ, ਉਦੈਪੁਰ, ਚਿਤੌੜਗੜ੍ਹ, ਜੋਧਪੁਰ, ਜੈਸਲਮੇਰ, ਬੀਕਾਨੇਰ, ਪੁਸ਼ਕਰ, ਮਾਊਂਟ ਆਬੂ ਆਦਿ ਥਾਵਾਂ ਨਾਲ ਸੰਬੰਧਿਤ ਲੋਕ ਪਰੰਪਰਾ ਦਾ ਲੋਕਧਰਾਈ ਅਧਿਐਨ ਪੇਸ਼ ਕੀਤਾ ਗਿਆ ਹੈ।*

***ਕੀਵਰਡ (Keyword):*** ***ਸਫ਼ਰਨਾਮਾ, ਡਾ. ਗੁਰਚਰਨ ਸਿੰਘ ਮਹਿਤਾ, ਰਾਜਸਥਾਨ ਦੀ ਯਾਤਰਾ, ਲੋਕਧਰਾਈ, ਲੋਕ ਪਰੰਪਰਾ, ਕਾਸ਼ਤਕਾਰ, ਲੋਕ ਕਲਾ, ਲੋਕ ਸੱਭਿਆਚਾਰ, ਲੋਕ ਹੁਨਰ, ਲੋਕ-ਮਨ।***

ਡਾ. ਗੁਰਚਰਨ ਸਿੰਘ ਮਹਿਤਾ ਰਚਿਤ ਸਫ਼ਰਨਾਮਾ 'ਰਾਜਸਥਾਨ ਦੀ ਯਾਤਰਾ' ਇਕ ਬਹੁ-ਪਰਤੀ ਕਾਰਜ ਹੈ। ਇਨ੍ਹਾਂ ਨੇ ਰਾਜਸਥਾਨ ਦੀ ਭੂਗੋਲਿਕ ਰਾਜਨੀਤਕ, ਇਤਿਹਾਸਕ, ਸਮਾਜ-ਸਭਿਆਚਾਰ ਅਤੇ ਲੋਕਧਰਾਈ ਪੱਖਾਂ ਦਾ ਅਧਿਐਨ ਬੜੀ ਸੰਜੀਦਗੀ ਨਾਲ ਕੀਤਾ ਹੈ। ਮੁਢਲੇ ਸਮੇਂ ਤੋਂ ਹੀ ਰਾਜਸਥਾਨ ਰਾਜਿਆਂ-ਮਹਾਂਰਾਜਿਆਂ ਦਾ ਗੜ੍ਹ ਰਿਹਾ ਹੈ। ਜਿਸ ਕਾਰਨ ਇਸਦੀ ਅਮੀਰੀ ਦੀ ਚਰਚਾ ਹਮੇਸ਼ਾਂ ਲੋਕਾਂ ਨੂੰ ਇਸਦੇ ਬਹੁ ਪਰਤੀ ਅਧਿਐਨ ਨੂੰ ਜਾਨਣ ਦੀ ਇੱਛਾ ਬਣੀ ਰਹੀ ਹੈ। ਇਸ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਈਏ ਮਿਲਦੇ ਹਨ। ਉਨ੍ਹਾਂ ਗਿਆਰਾਂ ਭੱਟਾਂ ਦਾ ਪਿਛੋਕੜ ਵੀ ਰਾਜਸਥਾਨ ਨਾਲ ਜਾ ਜੁੜਦਾ ਹੈ। ਰਾਜਸਥਾਨ ਦੀ ਬਹੁ-ਪਰਤੀ ਵੰਨ-ਸੁਵੰਨਤਾ ਅਤੇ ਰੁਮਾਂਚਕ ਤੱਥਾਂ ਕਹਾਣੀਆਂ, ਕਿੱਸੇ, ਮੁਹਾਵਰੇ, ਅਖਾਣਾਂ, ਸੰਸਕ੍ਰਿਤੀ ਅਤੇ ਪ੍ਰਾਕਿਰਤਿਕ ਰੰਗਤ ਆਦਿ ਵਰਤਾਰੇ ਇਸ ਦੀ ਅਮੀਰੀ ਦਾ ਬਿੰਬ ਸਿਰਜਦੇ ਹਨ।

ਡਾ. ਮਹਿਤਾ ਨੇ ਰਾਜਸਥਾਨ ਦੀ ਯਾਤਰਾ ਨੂੰ ਕਈ ਪੜਾਅ ਵਿਚ ਵੰਡ ਕੇ ਇਸ ਦਾ ਬਹੁਪਰਤੀ ਅਧਿਐਨ ਪੇਸ਼ ਕੀਤਾ ਹੈ। ਪਹਿਲਾ ਪੜਾਅ, ਜੈਪੁਰ, ਦੂਜਾ ਅਜਮੇਰ, ਤੀਜਾ ਪੁਸ਼ਕਰ, ਚੌਥਾ ਮਾਊਂਟ ਆਬੂ, ਪੰਜਵਾਂ ਉਦੈਪੁਰ, ਛੇਵਾਂ ਚਿਤੌੜਗੜ੍ਹ, ਸੱਤਵਾਂ ਜੋਧਪੁਰ, ਅੱਠਵਾਂ ਜੈਸਲਮੇਰ, ਨੌਵਾਂ ਬੀਕਾਨੇਰ। ਇਨ੍ਹਾਂ ਪੜਾਵਾਂ ਨੂੰ ਡਾ. ਮਹਿਤਾ ਦੁਆਰਾ ਬਹੁ-ਪਰਤੀ ਰੂਪ ਵਿਚ ਕੀਤੇ ਸਫ਼ਰ ਦਾ ਬਿਊਰਾ ਉਥੋਂ ਦੇ ਲੋਕ ਸਾਹਿਤ ਵਿਚ ਮਿਲਦੀਆਂ ਵੱਖ-ਵੱਖ ਵੰਨਗੀਆਂ ਲੋਕਧਾਰਾ ਸਮੱਗਰੀ ਨੂੰ ਪੇਸ਼ ਕਰਦੀਆਂ ਹਨ।

> *"ਜੈਪੁਰ ਆਪਣੀਆਂ ਇਤਿਹਾਸਕ ਪਰੰਪਰਾਵਾਂ, ਲੋਕ-ਕਲਾ ਅਤੇ ਸ਼ਿਲਪ ਕਲਾ ਦੇ ਅਦਭੁਤ ਵਰਤਾਰੇ ਕਰਕੇ ਵਿਸ਼ਵ ਵਿਚ ਖਾਸ ਤੌਰ 'ਤੇ ਪ੍ਰਸਿੱਧ ਹੈ। ਇਥੋਂ ਦੀ ਅਭੂਤਪੂਰਣ ਇਮਾਰਤਬਾਜੀ ਵਿਸ਼ੇਸ਼ ਤਰ੍ਹਾਂ ਦੇ ਮਜ਼ਬੂਤ ਕਿਲੇ ਅਤੇ ਸ਼ਾਨਦਾਰ ਮਹਿਲ ਜਿਨ੍ਹਾਂ ਨਾਲ ਰਾਜਪੂਤ ਘਰਾਣਿਆਂ ਦੀਆਂ ਲੋਕ ਕਥਾਵਾਂ ਦੇ ਜੌਹਰ ਜੁੜੇ ਹੋਏ ਹਨ।"* [1]

ਲੋਕਧਾਰਾ ਸਾਹਿਤ ਵਿਚ ਲੋਕ ਹੁਨਰ, ਲੋਕ ਕਲਾਵਾਂ ਦਾ ਮੁੱਖ ਤੌਰ 'ਤੇ ਵਿਸ਼ਲੇਸ਼ਣ ਮਿਲਦਾ ਹੈ। ਮਾਨਵ ਆਪਣੀ ਰੋਜ਼ਾਨਾ ਅਤੇ ਨਿਤਾਪ੍ਰਤੀ ਜ਼ਿੰਦਗੀ

ਵਿਚ ਕਈ ਤਰ੍ਹਾਂ ਦੇ ਕਾਰ-ਵਿਹਾਰ ਕਰਦਾ ਹੈ ਜੋ ਉਸਦੀ ਰੋਜ਼ੀ-ਰੋਟੀ ਦਾ ਸਾਧਨ ਬਣਦੇ ਹਨ। ਲੋਕ ਹੁਨਰ ਨੂੰ ਅਸੀਂ ਲੋਕ ਕਲਾ ਦਾ ਦੂਜਾ ਨਾਂ ਦੇ ਸਕਦੇ ਹਾਂ। ਲੋਕਾਂ ਦੁਆਰਾ ਆਪਣੀ ਕਲਾ ਦੀ ਵਰਤੋਂ ਕਰਕੇ ਉਪਜੀਵਿਕਾ ਕਮਾਉਣ ਨੂੰ ਅਸੀਂ ਲੋਕ ਹੁਨਰ ਕਹਿ ਸਕਦੇ ਹਨ। ਜੈਪੁਰ ਵਿਚ ਲੋਕ ਕਲਾ ਦੀ ਭਰਮਾਰ ਮਿਲਦੀ ਹੈ।

> *"ਜੈਪੁਰ ਰਾਜਸਥਾਨ ਦੀ ਰਾਜਧਾਨੀ ਹੈ। ਭਾਰਤ ਦੇ ਅਜ਼ਾਦ ਹੋਣ ਤੋਂ ਪਹਿਲਾਂ ਰਾਜਸਥਾਨ ਨੂੰ 'ਰਾਜਪੁਤਾਨਾ' ਕਿਹਾ ਜਾਂਦਾ ਸੀ। ਭਾਰਤ ਦੀ ਅਜ਼ਾਦੀ ਤੋਂ ਬਾਅਦ 1948 ਵਿਚ ਰਾਜ ਪੁਤਾਨੇ ਦੀਆਂ ਰਿਆਸਤਾਂ ਦੇ ਏਕੀਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 15 ਮਈ 1949 ਨੂੰ ਸੰਯੁਕਤ ਵਿਸ਼ਾਲ ਰਾਜਸਥਾਨ ਦੀ ਸਥਾਪਨਾ ਕਰ ਦਿੱਤੀ ਗਈ। ਇਸ ਦੇ ਪਿਛੋਕੜ ਵਲ ਵੇਖਿਆ ਜਾਵੇ ਤਾਂ 'ਕਛਵਾੜਾ ਵੰਸ਼ ਦੇ ਮਹਾਰਾਜਾ ਸਵਾਈ ਜੈ ਸਿੰਘ (ਦੂਜੇ) ਨੇ ਜੈਪੁਰ ਨਗਰ ਦੀ ਸਥਾਪਨਾ 18 ਨਵੰਬਰ 1727 ਈ. ਨੂੰ ਕੀਤੀ ਸੀ। ਕਛਵਾੜੇ ਰਾਜਪੂਤਾਂ ਦੀ ਕੁਲ ਪਰੰਪਰਾ ਸ੍ਰੀ ਰਾਮਚੰਦਰ ਜੀ ਦੇ ਦੂਜੇ ਪੁਤਰ ਕੁਸ਼ ਨਾਲ ਜੁੜੀ ਹੋਈ ਹੈ।"* [2]

ਸਿਟੀ ਪੈਲੇਸ ਮੁਤਾਬਕ ਇਸ ਮਹਿਲ ਦੀਆਂ ਇਮਾਰਤਾਂ ਅਤੇ ਛੱਤਾਂ ਦੀਆਂ ਦੀਵਾਰਾਂ ਉਪਰ ਸੰਗਮਰਮਰ ਤੇ ਬਰੀਕ ਮੀਨਾਕਾਰੀ ਤੇ ਵੇਲਾਂ ਬੂਟਿਆਂ ਦੇ ਡਿਜ਼ਾਇਨ ਜੈਪੁਰ ਦੀ ਲੋਕ ਕਲਾ ਦੇ ਸੁੰਦਰ ਨਮੂਨੇ ਹਨ।

ਰੀਤੀ-ਰਿਵਾਜ ਕਿਸੇ ਕੋਸ਼ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ ਜਿਸਦੇ ਅਧਾਰ 'ਤੇ ਇਹ ਆਪਣਾ ਜੀਵਨ ਬਿਹਤਰ ਗੁਜਾਰਨ ਦਾ ਉਪਰਾਲਾ ਕਰਦੇ ਹਨ। ਰੀਤਾਂ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਉਹ ਪਰੰਪਰਾਵਾਂ ਹਨ ਜਿਸਦੇ ਪਿਛੋਕੜ ਵਿਚ ਉਨ੍ਹਾਂ ਦੇ ਵੱਡੇ-ਵਡੇਰਿਆਂ ਦਾ ਜੀਵਨ ਨਿਰਵਾਹ ਹੁੰਦਾ ਹੈ। ਇਸ ਪ੍ਰਕਾਰ ਦੀਵਾਨ-ਏ-ਖਾਸ ਮਹਿਲ ਵਿਚ ਜਿਸ ਤਰਾਂ ਤਾਜ ਪੋਸ਼ੀਆਂ ਦੀਆਂ ਰਸਮਾਂ ਹੁੰਦੀਆਂ ਸਨ। ਇਹ ਰਾਜਸਥਾਨ ਦੀ ਲੋਕਧਾਰਾ ਦਾ ਵਡਮੁੱਲਾ ਖਜ਼ਾਨਾ ਹੈ। ਪੋਥੀ ਖਾਨਾ ਜੋ ਵਿਦਵਤਾ ਸੁਹਜ-ਬਿਰਤੀ ਤੇ ਕਲਾ ਪ੍ਰੇਮੀਆ ਲਈ ਖਿੱਚ ਰੱਖਦਾ ਹੈ।

> *"ਇਸ ਵਿਚ ਦੋ ਹਜ਼ਾਰ ਦੇ ਕਰੀਬ ਰਾਜਸਥਾਨੀ ਅਤੇ ਮੁਗਲ ਕਲਾ ਦੇ ਬਿਹਤਰੀਨ ਨਮੂਨੇ ਪੇਸ਼ ਕਰਨ ਵਾਲੀਆਂ ਪੇਂਟਿੰਗਾਂ ਸੰਭਾਲੀਆਂ ਪਈਆਂ ਹਨ। ਇਸ ਵਿਚ ਮਹਾਭਾਰਤ ਤੇ ਰਮਾਇਣ ਦੇ ਸਚਿਤ੍ਰਤ ਫਾਰਸੀ ਅਨੁਵਾਦ ਦੇ ਖਰੜੇ ਪ੍ਰਦਰਸ਼ਤ ਵੇਖੇ ਜੋ ਸ਼ਹਿਨਸ਼ਾਹ ਅਕਬਰ ਨੇ ਲਿਖਵਾਏ ਸਨ। ਇਨ੍ਹਾਂ ਖਰੜਿਆਂ ਉਤੇ ਮੁਗਲ ਸਰਕਾਰ ਦੀ ਮੋਹਰ ਲੱਗੀ ਹੋਈ ਹੈ।"* [3]

ਪੋਥੀ ਖਾਨੇ ਦੇ ਇਕ ਹੋਰ ਹਿੱਸੇ ਵਿਚ ਸੰਸਕ੍ਰਿਤ, ਬੰਗਲਾ, ਉੜੀਆ ਆਦਿ ਦੇ ਬੇਸ਼ੁਮਾਰ ਪੁਰਾਤਨ ਗ੍ਰੰਥ ਜੋ ਤੇਜ ਪੱਤਰਾਂ ਅਤੇ ਖਜੂਰ ਤੇ ਪੱਤਰਾਂ 'ਤੇ ਅੰਕਿਤ ਹਨ। ਇਨ੍ਹਾਂ ਗ੍ਰੰਥਾਂ ਅਤੇ ਪੇਂਟਿੰਗਾਂ ਵਿਚ ਰਾਜਸਥਾਨ ਤੇ ਸੂਰਬੀਰਾਂ ਅਤੇ ਲੋਕ ਨਾਇਕਾਂ ਦੇ ਜੀਵਨ ਦੀ ਪੂਰੀ ਕਹਾਣੀ ਦ੍ਰਿਸ਼ਟੀਮਾਣ ਕਰਦੀ ਹੈ ਇਹ ਨਾਇਕ ਸਮਾਜਿਕ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦਾ ਸਰੂਪ ਆਮ ਲੋਕਾਂ ਵਾਲਾ ਹੁੰਦਾ ਹੈ। ਉਹ ਸਮਾਜ ਦੇ ਦੱਬੇ ਕੁਚਲੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ। ਕਦੇ ਉਹ ਗਰੀਬਾਂ ਦਾ ਰਹਿਬਰ ਬਣਦਾ ਹੈ, ਕਦੇ ਪ੍ਰੇਮ ਦਾ ਪੁਜਾਰੀ ਕਦੇ ਬਹਾਦਰ ਅਤੇ ਧਰਮ ਨੂੰ ਜੀਵਨ ਦਾਨ ਦੇਣ ਲਈ ਆਪਣੇ ਪ੍ਰਾਣਾਂ ਦੀ ਆਹੁਤੀ ਦਿੰਦਾ ਹੈ। ਲੋਕ ਗਾਥਾਵਾਂ ਲੋਕਾਂ ਦੀ ਸਿਰਜਣਾ ਹੁੰਦੀ ਹੈ। ਸਾਹਿਤ ਕੋਸ਼ ਅਨੁਸਾਰ,

> *"ਲੋਕ ਮਨੁੱਖੀ ਸਮਾਜ ਦੇ ਉਹ ਸਧਾਰਣ ਲੋਕ ਹਨ ਜੋ ਸਰਲ ਚਿੱਤ, ਸਰਬ ਬੁੱਧੀ ਤੇ ਹਰ ਤਰ੍ਹਾਂ ਦੇ ਪੰਡਤਾਊ ਅਹੰਕਾਰ ਤੋਂ ਮੁਕਤ ਹੁੰਦੇ ਹਨ। ਇਨ੍ਹਾਂ ਵਿਚ ਹਰਮਨ ਪਿਆਰੀਆਂ ਛੋਟੀਆਂ ਕਹਾਣੀਆਂ ਜਿਨ੍ਹਾਂ ਨੂੰ ਕਵਿਤਾ ਦਾ ਜਾਮਾ ਪੁਆਇਆ ਜਾਂਦਾ ਹੈ। ਲੋਕ ਗਾਥਾਵਾਂ ਅਖਵਾਉਂਦੀਆਂ ਹਨ।"* [4]

ਇਸ ਅੰਦਰ ਇਤਿਹਾਸਕ ਨਾਇਕਾਂ ਦੀ ਬਹਾਦਰੀ ਦੇ ਗੁਣ ਗਾਏ ਜਾਂਦੇ ਹਨ। ਲੋਕ ਨਾਇਕ ਕਿਸੇ ਸਮਾਜ ਦੀ ਲੋਕਧਾਰਾ ਤੇ ਭਾਈਚਾਰੇ ਦੇ ਅਚੇਤ ਮਨ ਵਿਚ ਵਸਿਆ ਹੋਇਆ ਆਦਰਸ਼ ਮਨੁੱਖ ਦਾ ਅਜਿਹਾ ਸੰਕਲਪ ਹੋ ਨਿਬੜਦਾ ਹੈ ਜੋ ਲੋਕ ਸਮੂਹ ਦੇ ਸਰਬ ਸਾਂਝੇ ਸੁਪਨਿਆਂ ਅਤੇ ਮੂਲ ਸਰੋਕਾਰਾਂ ਦੀ ਤਰਜ਼ਮਾਨੀ ਕਰਦਾ ਹੈ।

> *"ਅਸਲ ਵਿਚ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕਿਸੇ ਸਮੇਂ ਸਥਾਨ ਲੋਕਧਾਰਾ ਅਤੇ ਸਮਾਜਿਕ ਹਕੀਕਤ ਵਿਚੋਂ ਹੁੰਦੀ ਹੈ। ਇਥੋਂ ਦੇ ਰਾਜਿਆਂ ਦੁਆਰਾ ਮੁਗਲਾ ਨਾਲ ਕੀਤੇ ਯੁੱਧਾਂ ਅਤੇ ਆਪਣੇ ਭੂਗੋਲਿਕ ਖਿੱਤੇ ਨੂੰ ਬਚਾਉਣ ਲਈ ਪ੍ਰਜਾ ਦੁਆਰਾ ਕੀਤਾ ਸਹਾਇਤਾ ਦੌਰਾਨ ਵਰਤੇ ਗਏ ਔਜਾਰਾਂ ਨੂੰ ਸਿਲਹ ਖਾਨਾ ਵਿਚ 1580 ਈ ਤੋਂ ਬਾਅਦ ਦੋ ਹਜ਼ਾਰ ਤੋਂ ਵੱਧ ਅਸਤਰਾਂ ਸਸਤਰਾਂ ਦਾ ਭੰਡਾਰ ਸੰਸਕ੍ਰਿਤ ਹੈ। ਇਹ ਸਿਲਾਹ ਖਾਨਾ ਭਾਰਤ ਵਿਚ ਸਰਵੋਤਮ ਸਥਾਨ ਰੱਖਦਾ ਹੈ।"* [5]

ਇਹ ਸਾਰੇ ਹਥਿਆਰ ਰਾਜਪੂਤ ਘਰਾਣੇ ਦੀ ਬਹਾਦਰੀ ਅਤੇ ਦੁਸ਼ਮਨ ਨਾਲ ਟਾਕਰੇ ਵਿਚ ਮਰ ਮਿਟਣ ਵਾਲੇ ਲੋਕਾਂ ਦੇ ਜਜ਼ਬੇ ਦੀ ਗਵਾਹੀ ਭਰਦੇ ਹਨ। ਰੀਤਾਂ ਰਸਮਾਂ ਕਿਸੇ ਕਾਰਜ ਪ੍ਰਕਿਰਿਆ ਉਪਰ ਨਿਰਭਰ ਕਰਦੀਆਂ ਹਨ। ਲੋਕ ਮਨ ਵਿਚ ਕਿਸੇ ਜਾਤੀ ਦੇ ਪਰਾ ਰੂਪ ਕਾਰਜਸ਼ੀਲ ਹੁੰਦੇ ਹਨ। ਇਸ ਲਈ ਕਿਸੇ ਜਾਤੀ ਦੇ ਆਦਿਮ ਬਿੰਬ ਉਸਦੇ ਰੀਤਾਂ ਅਨਸ਼ਠਾਨਾਂ ਵਿਸ਼ਵਾਸਾਂ ਦੀ

ਸਮੁੱਚੀ ਕਾਰਜ ਪ੍ਰਕਿਰਿਆ ਵਿਚ ਪਏ ਹੁੰਦੇ ਹਨ। ਇਹ ਵਿਸ਼ਵਾਸ ਅੱਗੋਂ ਧਰਮ ਨੂੰ ਜਨਮ ਦਿੰਦਾ ਹੈ।

*"'ਪੁਸ਼ਕਰ' ਸਥਾਨ ਭਾਰਤੀ ਧਰਮ ਸ਼ਾਸਤਰਾਂ ਵਿਚ ਸਭ ਤੋਂ ਅਧਿਕ ਪਵਿੱਤਰ ਮੰਨੇ ਜਾਂਦੇ ਹਨ। ਇਸ ਨੂੰ ਦੇਵਤਿਆਂ ਦੀ ਨਗਰੀ ਕਿਹਾ ਜਾਂਦਾ ਹੈ। ਭਾਰਤ ਦੇ ਹੋਰ ਪ੍ਰਮੁੱਖ ਤੀਰਥ ਬਦਰੀ ਨਾਰਾਇਣ, ਜਗਨਨਾਥਪੁਰੀ, ਰਾਮੇਸ਼ਵਰ ਦੇ ਦਰਸ਼ਨ ਸਭ ਤੋਂ ਅਹਿਮ ਭਾਰਤ ਵਿਚ ਬ੍ਰਹਮਾ ਦੇਵਤਾ ਦਾ ਇਕੋ ਇਕੋ ਮੰਦਿਰ ਪੁਸ਼ਕਰ ਵਿਚ ਸਥਿਤ ਹੈ। ਪੁਰਾਤਨ ਇਤਿਹਾਸ ਵਿਚ ਦੱਸਿਆ ਗਿਆ ਹੈ ਕਿ ਪੁਸ਼ਕਰ ਪਾਵਨ ਸਥਾਨ ਤੋਂ ਰਿਸ਼ੀ ਵਿਸ਼ਵਾਮਿਤਰ ਜੀ ਨੇ ਭਾਰੀ ਤਪੱਸਿਆ ਕੀਤੀ ਸੀ। ਭਗਵਾਨ ਰਾਮ ਜੀ ਨੇ ਪੁਸ਼ਕਰ ਦੇ ਗਯਾ ਕੁੰਡ ਵਿਖੇ ਹੀ ਆਪਣੇ ਪਿਤਾ ਰਾਜਾ ਦਸ਼ਰਤ ਦੇ ਪਿੰਡ ਅਰਪਣ ਕੀਤੇ ਸਨ। ਪਾਡਵਾਂ ਨੇ ਆਪਣੇ ਨਿਰਵਾਸਨ ਕਾਲ ਦਾ ਕੁਝ ਸਮਾਂ ਇੱਥੇ ਗੁਜਾਰਿਆ। ਪੁਸ਼ਕਰ ਸਰੋਵਰ ਦੇ ਇਕ ਪਾਸੇ ਨਾਗ ਪਰਬਤ ਹੈ ਦੂਜੇ ਪਾਸੇ ਪੁਸ਼ਕਰ ਨਗਰ,ਮੱਧ ਵਿਚ ਅਰਥ ਚੰਦਰਗੜ੍ਹ, ਸਕਲ ਸਰੋਵਰ ਹੈ। ਪੁਸ਼ਕਰ ਸਦੀਆਂ ਤੋਂ ਰਿਸ਼ੀਆਂ-ਮੁਨੀਆਂ, ਸੰਤਾਂ, ਮਹਾਤਮਾਂ, ਰਾਜਿਆਂ-ਮਹਾਰਾਜਿਆਂ, ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਆਇਆ ਹੈ। ਪੁਸ਼ਕਰ ਸਰੋਪਰ ਦੇ ਕਿਨਾਰੇ 52 ਘਾਟ ਬਣੇਹੋਏ ਹਨ। ਪੁਸ਼ਕਰ ਵਿਚ 400 ਦੇ ਕਰੀਬ ਮੰਦਰ ਬਣੇ ਹੋਏ ਹਨ।"* [6]

ਪੁਸ਼ਕਰ ਸਥਾਨ ਦਾ ਸਬੰਧ ਧਾਰਮਿਕ ਸੰਸਥਾਵਾਂ ਨਾਲ ਹੋਣ ਕਾਰਨ ਇਥੇ ਰਾਜੇ ਮਹਾਰਾਜੇ ਆਪਣਾ ਡੇਰਾ ਲਾਉਂਦੇ ਅਤੇ ਰਿਸ਼ੀਆਂ ਮਹਾਰਿਸ਼ੀਆਂ ਦੇ ਸਥਾਨਾਂ ਉਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਦੀ ਭਗਤੀ ਕਰਦੇ ਸਨ। ਰੀਤੀ ਰਿਵਾਜਾਂ ਨੂੰ ਅਧਾਰ ਬਣਾ ਆਪਣਾ ਅਤੇ ਆਪਣੀ ਪ੍ਰਜਾ ਦੇ ਭਲੇ ਲਈ ਕਾਰਜ ਕਰਦੇ ਰਹਿਣਾ ਇੱਥੋਂ ਦੇ ਰਾਜਿਆਂ ਦਾ ਵੱਡਾ ਕਰਤੱਵ ਸੀ, ਇਨ੍ਹਾਂ ਰਾਜ ਘਰਾਣਿਆਂ ਨੇ ਇਥੇ ਰਹਿ ਆਪਣਾ ਜੀਵਨ ਸਫ਼ਰ ਗੁਜਾਰਿਆ, ਇਥੋਂ ਦੇ ਭੂਗੋਲਿਕ ਖਿੱਤੇ ਨੂੰ ਵਿਸ਼ਵ ਭਰ ਵਿਚ ਵੱਖ ਵੱਖ ਰੂਪਾਂ ਵਿਚ ਪੇਸ਼ ਕੀਤਾ ਹੈ।

ਸਮੇਂ ਦੇ ਸਫ਼ਰ ਅਨੁਸਾਰ ਇਥੋਂ ਦੇ ਧਰਮ ਸਥਾਨਾਂ ਉਪਰ ਬਣੇ ਵਿਸ਼ਵਾਸ, ਬਾਹਰਲੇ ਹਮਲਾਵਰਾਂ ਦੁਆਰਾ ਇਥੇ ਰਾਜ ਕਰਨ ਦੀ ਨੀਯਤ ਨੇ ਇਥੋਂ ਦੀਆਂ ਪ੍ਰਾਚੀਨ ਵਸਤਾਂ ਦਾ ਕਾਫੀ ਨੁਕਸਾਨ ਕੀਤਾ।

*"ਸਰਸਵਤੀ ਜੋ ਵਿਦਿਆ ਦੀ ਦੇਵੀ ਹੈ ਉਸਦਾ ਵਾਹਨ ਮੋਰ ਹੈ। ਇਨ੍ਹਾਂ ਪ੍ਰਾਚੀਨ ਦੇਵੀ/ਦੇਵਤਿਆਂ ਨੂੰ ਲੋਕਾਂ ਧਰਮ ਵਿਚ ਅਹਿਮ ਸਥਾਨ ਪ੍ਰਾਪਤ ਹੋਣ ਕਰਕੇ ਇਥੋਂ ਦੀ ਪ੍ਰਜਾ ਨੇ ਮੰਦਰਾਂ ਦੇ ਨਿਰਮਾਣ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਜਿਵੇਂ ਨੌਵੀਂ ਸਦੀ ਵਿਚ ਸ਼ੰਕਰਾਚਾਰਿਆ ਜੀ ਨੇ ਮੰਦਰ ਬਣਾ ਕੇ ਬ੍ਰਾਹਮਾਂ ਜੀ ਦੀ ਮੂਰਤੀ ਸਥਾਪਿਤ ਕੀਤੀ ਪਰ ਔਰੰਗਜੇਬ ਨੇ ਆਪਣੇ ਹਮਲਿਆਂ ਵਿਚ ਇਸ ਪਾਵਨ ਮੰਦਰਾਂ ਨੂੰ ਨਸ਼ਟ ਕਰਵਾ ਦਿੱਤਾ ਸੀ।"* [7]

ਪ੍ਰੰਤੂ ਸਮੇਂ ਦੇ ਨਾਲ ਨਾਲ ਇਹ ਮੰਦਰ ਫਿਰ ਤੋਂ ਬਣ ਗਏ। ਵਰਾਹ ਮੰਦਰ, ਗਊਘਾਟ, ਰੰਗਨਾਥ ਜੀ ਦਾ ਮੰਦਰ,ਮਹਾਦੇਵ ਮੰਦਰ ਆਦਿ ਰਾਜਸਥਾਨ ਦੀ ਧਾਰਮਿਕ ਪਰੰਪਰਾ ਅਤੇ ਲੋਕਾ ਸਾਹਿਤ ਦੀ ਗਵਾਹੀ ਭਰਦੇ ਹਨ। ਇਥੇ ਗੁਰਦੁਆਰਾ ਗੋਬਿੰਦ ਘਾਟ ਬਣਾਇਆ ਹੋਇਆ ਹੈ। ਜਿਸ ਦੀ ਸੇਵਾ ਸੰਭਾਲ ਨਿਰਮਲ ਸਿੱਖ ਕਰਦੇ ਹਨ।

*"ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੱਖਣ ਵਲ ਜਾਂਦਿਆਂ 1706 ਈ. ਵਿਚ ਕੁਝ ਦਿਨ ਇੱਥੇ ਰੁਕੇ। ਉਸੇ ਸਮੇਂ ਪੰਡਤ ਚੇਤਨ ਦਾਸ ਨੇ ਗੁਰੂ ਜੀ ਦੀ ਬੜੀ ਸੇਵਾ ਕੀਤੀ ਅਤੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਸਾਹਿਬ ਨੇ ਉਸਨੂੰ ਤੇਜ ਪੱਤਰ 'ਤੇ ਲਿਖ ਕੇ ਇਕ ਹੁਕਮਨਾਮੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਥ ਲਿਖਤ ਬੀੜ ਦੇ ਕੇ ਬਖਸ਼ਿਸ਼ ਕਰਕੇ ਨਿਵਾਜਿਆ ਸੀ।"* [8]

ਮਾਊਂਟ ਆਬੂ ਰਾਜਸਥਾਨ ਦੀ ਕੁਦਰਤੀ ਅਮੀਰੀ ਦਾ ਪ੍ਰਗਟਾਉ ਕਰਦਾ ਹੈ। ਇਸ ਵਾਰੇ ਡਾ. ਗੁਰਚਰਨ ਸਿੰਘ ਮਹਿਤਾ ਲਿਖਦੇ ਹਨ-

*"ਅਰਾਵਲੀ ਪਰਬਤਾਂ ਦੇ ਦੱਖਣ ਪੱਛਮ ਵਲ ਸਮੁੰਦਰ ਤਲ ਤੋਂ 4000 ਫੁੱਟ ਦੀ ਉਚਾਈ ਤੇ ਇਕ ਰਮਣੀਕ ਪਹਾੜੀ ਤੇ ਸਥਿਤ ਹੈ। ਇਹ ਨਗਰ 8 ਮੀਲ ਲੰਮਾ ਅਤੇ ਤਿੰਨ ਮੀਲ ਚੌੜਾ ਹੈ। ਇਹ ਪਹਾੜੀ ਨਗਰ ਸਮੁੰਦਰ ਤਲ ਤੋਂ 5833 ਫੁਟ ਦੀ ਉਚਾਈ ਉਪਰ ਹੈ। ਸਾਰੇ ਰਾਜਸਥਾਨ ਵਿਚ ਇਕੋ ਪਹਾੜੀ ਨਗਰ ਹੈ। ਪੌਰਾਣਿਕ ਕਥਾ ਅਨੁਸਾਰ ਆਬੂ ਸਤਿਯੁਗ ਵਿਚ ਵੀ ਮੌਜੂਦ ਸੀ। ਇਸ ਪਰਬਤ ਦਾ ਨਾਮ ਅਜਬਦ ਨਾਮ ਤੋਂ ਪਿਆ ਜੋ ਇਨਾ ਬਲਵਾਨ ਨਾਗ ਸੀ ਉਸਨੇ ਸ਼ਿਵ ਜੀ ਦੇ ਵਾਹਨ ਨੰਦੀ ਨੂੰ ਇਕ ਡੂੰਘੀ ਖੱਡ ਵਿਚ ਡਿੱਗਣ ਤੋਂ ਆਪਣੇ ਬਲ ਨਾਲ ਖਿੱਚ ਕੇ ਬਚਾ ਲਿਆ ਸੀ।"* [9]

ਇਸ ਤੋਂ ਇਲਾਵਾ ਸ੍ਰੀ ਰਘੂਨਾਥ ਮੰਦਰ, ਭਗਤ ਰਾਮਾਨੰਦ ਦੁਆਰਾ 14ਵੀਂ ਸਦੀ ਵਿਚ ਤਿਆਰ ਕਰਵਾਇਆ ਗਿਆ। ਲੂਣਵਸਹਿ ਮੰਦਰ ਪਾਰਸਵਨਾਥ ਮੰਦਰ, ਪੀਤਲ ਹਰ ਮੰਦਰ, ਗੁਜਰਾਤ ਦੇ ਰਾਜਿਆਂ ਦੁਆਰਾ ਸਥਾਪਤ ਕੀਤੇ ਜੈਨ ਧਰਮ ਨਾਲ ਸਬੰਧਤ ਮੰਦਰ ਹਨ। ਗੁਰਦੁਆਰਾ ਗੁਰੂ ਨਾਨਕ ਸਾਹਿਬ ਨੇ 1510 ਈ. ਵਿਚ ਰਾਜਸਥਾਨ ਦੀ ਉਦਾਸੀ ਵੇਲੇ ਬੀਕਾਨੇਰ ਦੀ ਧਰਤੀ ਨੂੰ

ਭਾਗ ਲਾਏ। ਗੁਰੂ ਸਾਹਿਬ ਨੇ ਇਥੇ ਜੈਨ ਮੁਨੀਆਂ ਨਾਲ ਵਾਰਤਾਲਾਪ ਕੀਤੀ ਜਿਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਣ ਕਾਰਨ ਇਥੇ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਗਿਆ ਹੈ।

ਉਦੈਪੁਰ ਰਾਜਸਥਾਨ ਦਾ ਕਸ਼ਮੀਰ ਸੈਲਾਨੀਆਂ ਲਈ ਸਵਰਗ ਝੀਲ ਦੀ ਨਗਰੀ ਅਤੇ ਫਾਊਂਟੇਨ ਤੇ ਮਾਊਂਟੈਨ ਦਾ ਸ਼ਹਿਰ ਆਪਣੇ ਇਤਿਹਾਸਕ ਅਤੇ ਪ੍ਰਾਕ੍ਰਿਤਕ ਸੁੰਦਰਤਾ ਨਾਲ ਮਾਲੋ ਮਾਲ ਹੋਣ ਕਰਕੇ ਪ੍ਰਸਿੱਧ ਹੈ। ਇਸ ਤੋਂ ਬਿਨਾਂ *"ਸਿਟੀ ਪੈਲੇਸ ਪ੍ਰਤਾਪ ਗੋਖੜਾ, ਮੋਤੀ ਮਹਿਲ, ਸਿਲਹ ਖਾਨਾ, ਜਿਸ ਵਿਚ ਲੋਕ ਕਲਾ ਤੇ ਉਤਮ ਨਮੂਨੇ ਮਿਲਦੇ ਹਨ। ਜੋਧਪੁਰ ਉਦੇਪੁਰ ਤੋਂ 260 ਕਿਲੋਮੀਟਰ ਹੈ। ਇਸ ਨੂੰ ਮਰੂ ਦੇਸ਼ ਵੀ ਕਿਹਾ ਜਾਂਦਾ ਹੈ। ਇਥੋਂ ਦਾ ਵਾਯੂਮੰਡਲ ਅਤੇ ਵਾਤਾਵਰਣ ਕਠੋਰ ਹੈ। ਸਮੇਂ ਦੇ ਸਫ਼ਰ ਕਾਰਨ ਇਸ ਖੇਤਰ ਨੂੰ ਮਾਰਵਾੜ ਕਿਹਾ ਜਾਣ ਲੱਗ ਪਿਆ। ਇਹ ਸਥਾਨ ਰਾਠੌਰ ਰਾਜਪੂਤਾਂ ਦੀ ਕਰਮ ਭੂਮੀ ਵੀ ਹੈ। ਇਸ ਦੀ ਸਥਾਪਨਾ 1459 ਵਿਚ ਹੋਈ ਇਥੇ ਵਪਾਰ ਦਾ ਵੱਡਾ ਕੇਂਦਰ ਰਿਹਾ ਹੈ। ਜੈਸਲਮੇਰ ਰਾਜਸਥਾਨ ਦੇ ਪੱਛਮ ਵਲ ਥਾਰ ਮਾਰੂਥਲ ਵਿਚ ਸਥਿਤ ਰਾਜਸਥਾਨ ਦਾ ਸਭ ਤੋਂ ਵੱਡਾ ਜਿਲਾ ਹੈ। ਇਹ ਇਲਾਕਾ ਪ੍ਰਾਚੀਨ ਸਿੰਧੂ ਘਾਟੀ ਦੀ ਸਭਿਅਤਾ ਦਾ ਖੇਤਰ ਰਿਹਾ ਹੈ। ਇਥੋਂ ਦੀ ਤਾਟੀ ਵੰਸੀ ਬੀਰਾਂ ਨੇ ਆਪਣੀ ਬਹਾਦਰੀ ਤੇ ਦਲੇਰੀ ਕਰਕੇ ਅਫਗਾਨਿਸਤਾਨ ਪੰਜਾਬ ਅਤੇ ਰਾਜਪੂਤਾਨਾ ਵਿਚ ਆਪਣੇ ਰਾਜ ਸਥਾਪਿਤ ਕੀਤੇ। ਇਸ ਵਿਚਲੇ ਕਿਲੇ ਅੰਦਰ 7 ਜੈਨ ਮੰਦਰ ਹਨ।"* [10]

ਚਿਤੌੜਗੜ੍ਹ ਬਲੀਦਾਨ ਤਪੱਸਿਆ ਅਤੇ ਤਿਆਗ ਦਾ ਗੜ੍ਹ ਹੈ। *"ਇਹ ਕਿਲਾ ਗੌਰਵਮਈ ਇਤਿਹਾਸਕ ਵਿਰਾਸਤ ਕਲਾ ਅਤੇ ਸੰਸਕ੍ਰਿਤੀ ਦਾ ਬੇਜੋੜ ਨਮੂਨਾ ਹੈ। ਅਕਬਰ ਨੇ 1567 ਈ 'ਚ ਹਮਲਾ ਕਰਕੇ ਰਾਠੌਰ ਰਾਜਕੁਮਾਰ ਜੈਮਲ ਅਤੇ ਉਸ ਦੇ ਕਬੀਲੇ ਦੇ ਸਰਦਾਰ ਕੱਲਾ ਨੇ ਮੁਗਲ ਫੌਜਾਂ ਨਾਲ ਲੋਹਾ ਲੈਂਦਿਆਂ ਆਪਣੀਆਂ ਜਾਨਾਂ ਵਾਰੀਆਂ ਸਨ।"* [11] ਇਨ੍ਹਾਂ ਰਾਜਿਆਂ ਨੇ ਆਪਣੀਆਂ ਰਾਣੀਆਂ ਲਈ ਕਈ ਮਹਿਲ ਉਸਾਰੇ ਜਿਨ੍ਹਾਂ ਵਿਚੋਂ ਪਦਮਨੀ ਮਹਿਲ ਆਪਣੀ ਨਿਵੇਕਲੀ ਥਾਂ ਰੱਖਦਾ ਹੈ। ਇਸ ਤੋਂ ਇਲਾਵਾ ਬੀਕਾਨੇਰ ਰਾਜਸਥਾਨ ਦੇ ਉਤਰ ਪੱਛਮ ਵੱਲ ਸਥਿਤ ਪਾਕਿਸਤਾਨ ਬਾਰਡਰ ਨਾਲ ਜਾ ਮਿਲਦਾ ਹੈ। *"ਪੁਰਾਤਨ ਖੋਜੀਆਂ ਨੇ ਇਹ ਮਤ ਵੀ ਪ੍ਰਗਟਾਇਆ ਹੈ ਕਿ ਇਹ ਖੇਤਰ ਸਰਸਵਤੀ ਨਦੀ ਦੀ ਘਾਟੀ ਦਾ ਹੈ।"* [12]

ਇਨ੍ਹਾਂ ਵੱਖ-ਵੱਖ ਸਥਾਨਾਂ ਦੇ ਕੀਤੇ ਸਫ਼ਰ ਅਤੇ ਉਸ ਦੀਆਂ ਲੋਕ ਪਰੰਪਰਾਵਾਂ, ਲੋਕ ਇਤਿਹਾਸ, ਲੋਕ-ਮਨ ਆਦਿ ਜੋ ਆਪਣੇ ਲੋਕਧਰਾਈ ਇਤਿਹਾਸ ਅਤੇ ਭੂਗੋਲਿਕ ਚੌਗਿਰਦੇ ਵਿਚ ਵਿਕਸਿਤ ਹੋਇਆ। ਸਮੁੱਚੇ ਤੌਰ 'ਤੇ ਇਥੋਂ ਦੇ ਲੋਕ ਸਭਿਆਚਾਰ ਵਿਚੋਂ ਨੀਹਤ ਲੋਕ-ਮਨ ਦੀ ਮਾਨਸਿਕਤਾ ਉਥੋਂ ਦੀਆਂ ਲੋਕ ਕਹਾਣੀਆਂ ਵਿਚੋਂ ਪੜਿਆ ਤੇ ਸਮਝਿਆ ਜਾ ਸਕਦਾ ਹੈ। ਲੋਕ ਕਲਾ ਦੇ ਉਤਮ ਨਮੂਨੇ ਉਸ ਸਮੇਂ ਦੀ ਕਾਰਾਗਰੀ ਨੂੰ ਪੇਸ਼ ਕਰਦੇ ਹੋਏ ਆਪਣੇ ਰਾਜ ਦੀ ਅਮੀਰੀ ਨੂੰ ਦਰਸਾਉਂਦੇ ਹਨ ਜਿਨ੍ਹਾਂ ਦੀ ਅੱਜ ਦੇ ਯੁੱਗ ਵਿਚ ਵੀ ਸ਼ਲਾਘਾ ਕੀਤੀ ਜਾਂਦੀ ਹੈ। ਅਜਿਹੇ ਹੋਰ ਕਈ ਕਾਰਨ ਸਨ ਜਿਸ ਕਰਕੇ ਬਾਹਰਲੇ ਹਮਲਾਵਰ ਹਮੇਸ਼ਾਂ ਰਾਜਸਥਾਨ ਨੂੰ ਆਪਣੇ ਅਧੀਨ ਕਰਨ ਲਈ ਹਮਲੇ ਕਰਦੇ ਰਹੇ। ਪ੍ਰੰਤੂ ਇਥੋਂ ਦੇ ਲੋਕਾਂ ਅਤੇ ਰਾਜਿਆਂ ਦੁਆਰਾ ਉਨ੍ਹਾਂ ਨੂੰ ਖੱਟੇ ਚਣੇ ਚਬਾਏ ਗਏ। ਇਸ ਤਰ੍ਹਾਂ ਰਾਜਸਥਾਨ ਆਪਣੀਆਂ ਲੋਕਧਰਾਈ ਪਰੰਪਰਾਵਾਂ ਕਾਰਨ ਸਮੁੱਚੇ ਜਗਤ ਵਿਚ ਆਪਣਾ ਵੱਖਰਾ ਸਥਾਨ ਸਥਾਪਿਤ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ.ਗੁਰਚਰਨ ਸਿੰਘ ਮਹਿਤਾ, ਰਾਜਸਥਾਨ ਦੀ ਯਾਤਰਾ, ਯੂਨੀਸਟਾਰ ਬੁੱਕਸ, ਚੰਡੀਗੜ੍ਹ, ਪੰਨਾ: 17*
2. *-ਉਹੀ-, ਪੰਨਾ: 18*
3. *-ਉਹੀ-, ਪੰਨਾ: 21*
4. *ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਨਾ: 446*
5. *ਡਾ.ਗੁਰਚਰਨ ਸਿੰਘ ਮਹਿਤਾ, ਰਾਜਸਥਾਨ ਦੀ ਯਾਤਰਾ, ਯੂਨੀਸਟਾਰ ਬੁੱਕਸ, ਚੰਡੀਗੜ੍ਹ, ਪੰਨਾ: 22*
6. *-ਉਹੀ-, ਪੰਨਾ: 48*
7. *-ਉਹੀ-, ਪੰਨਾ: 47*
8. *-ਉਹੀ-, ਪੰਨਾ: 49*
9. *-ਉਹੀ-, ਪੰਨਾ: 53*
10. *-ਉਹੀ-, ਪੰਨਾ: 117*
11. *-ਉਹੀ-, ਪੰਨਾ: 89*
12. *-ਉਹੀ-, ਪੰਨਾ: 110*